# 2020 ਆਮ ਚੋਣ ਅਤੇ ਲੋਕਮੱਤਾਂ ਵਿੱਚ ਵੋਟ ਕਰਨ ਲਈ ਤੁਹਾਡੀ ਗਾਈਡ।



ELECTORAL COMMISSION
TE KAITIAKI TAKE KŌWHIRI

E231 08/20 Punjabi

## ਸਮਝੋ ਕਿ 2020 ਵਿੱਚ ਕੀ ਉਮੀਦ ਕਰੀਏ ਅਤੇ ਕਿਵੇਂ ਵੋਟ ਕਰੀਏ।

### ਯਕੀਨੀ ਬਣਾਓ ਕਿ ਤੁਸੀਂ ਨਾਮਾਂਕਨ ਕੀਤਾ ਹੋਇਆ ਹੈ ਅਤੇ ਤੁਹਾਡੇ ਵੇਰਵੇ ਅੱਪ-ਟੂ-ਡੇਟ ਹਨ।

ਵੋਟ ਕਰਨ ਲਈ ਤੁਹਾਡਾ ਨਾਮਾਂਕਨ ਕੀਤਾ ਹੋਣਾ ਜ਼ਰੂਰੀ ਹੈ। ਜੇਕਰ ਤੁਹਾਡੀ ਉਮਰ 18 ਸਾਲ ਜਾਂ ਉਸ ਤੋਂ ਵੱਧ ਹੈ, ਤੁਸੀਂ ਨਿਊਜ਼ੀਲੈਂਡ ਦੇ ਨਾਗਰਿਕ ਜਾਂ ਸਥਾਈ ਨਿਵਾਸੀ ਹੋ, ਅਤੇ ਆਪਣੇ ਜੀਵਨ ਵਿੱਚ 12 ਮਹੀਨੇ ਜਾਂ ਇਸ ਤੋਂ ਵੱਧ ਲਈ ਲਗਾਤਾਰ ਨਿਊਜ਼ੀਲੈਂਡ ਵਿੱਚ ਰਹਿ ਰਹੇ ਹੋ ਤਾਂ ਤੁਹਾਨੂੰ ਨਾਮਾਂਕਨ ਕਰਨਾ ਲਾਜ਼ਮੀ ਹੋਵੇਗਾ।

### ਵੋਟ ਕਰਨ ਨੂੰ ਤੇਜ਼ ਅਤੇ ਆਸਾਨ ਬਣਾਉਣ ਲਈ ਜਲਦ ਹੀ ਨਾਮਾਂਕਨ ਕਰੋ

ਜੇਕਰ ਤੁਸੀਂ ਐਤਵਾਰ 13 ਸਤੰਬਰ ਤੱਕ ਨਾਮਾਂਕਨ ਕਰ ਲੈਂਦੇ ਹੋ, ਤਾਂ ਤੁਹਾਨੂੰ ਚੋਣ ਦੇ ਦਿਨ ਤੋਂ ਲਗਭਗ 2 ਹਫ਼ਤੇ ਪਹਿਲਾਂ ਡਾਕ ਰਾਹੀਂ EasyVote ਪੈਕ ਮਿਲ ਜਾਵੇਗਾ।

ਤੁਹਾਡਾ EasyVote ਪੈਕ ਤੁਹਾਨੂੰ ਦੱਸੇਗਾ ਕਿ ਤੁਸੀਂ ਕਦੋਂ ਵੋਟ ਕਰ ਸਕਦੇ ਹੋ ਅਤੇ ਕਿਸ ਨੂੰ ਵੋਟ ਕਰ ਸਕਦੇ ਹੋ। ਤੁਹਾਡੇ ਪੈਕ ਵਿੱਚ ਤੁਹਾਡਾ ਵਿਅਕਤੀਗਤ ਕੀਤਾ EasyVote ਕਾਰਡ ਵੀ ਸ਼ਾਮਲ ਹੋਵੇਗਾ, ਜੋ ਵੋਟਿੰਗ ਨੂੰ ਵਧੇਰੇ ਤੇਜ਼ ਅਤੇ ਵਧੇਰੇ ਆਸਾਨ ਬਣਾਉਂਦਾ ਹੈ।

ਤੁਸੀਂ ਚੋਣ ਦਿਨ ਸਮੇਤ 13 ਸਤੰਬਰ ਤੋਂ ਬਾਅਦ ਵੀ ਨਾਮਾਂਕਨ ਕਰ ਸਕਦੇ ਹੋ, ਪਰ ਤੁਹਾਨੂੰ EasyVote ਕਾਰਡ ਪ੍ਰਾਪਤ ਨਹੀਂ ਹੋਵੇਗਾ। ਤੁਹਾਨੂੰ ਇੱਕ ਖਾਸ ਵੋਟ ਪਾਉਣ ਦੀ ਵੀ ਲੋੜ ਹੋਵੇਗੀ ਜਿਸ ਵਿੱਚ ਜ਼ਿਆਦਾ ਸਮਾਂ ਲਗਦਾ ਹੈ।

### ਔਨਲਾਈਨ ਨਾਮਾਂਕਨ ਕਰੋ, ਆਪਣੇ ਵੇਰਵੇ ਜਾਂਚੋ ਜਾਂ ਅੱਪਡੇਟ ਕਰੋ

ਆਪਣੇ ਨਿਊਜ਼ੀਲੈਂਡ ਡ੍ਰਾਈਵਰ ਲਾਇਸੰਸ, ਨਿਊਜ਼ੀਲੈਂਡ ਪਾਸਪੋਰਟ ਜਾਂ RealMe ਪ੍ਰਮਾਣਿਤ ਪਛਾਣ ਦੀ ਵਰਤੋਂ ਕਰਨ ਦੁਆਰਾ ਔਨਲਾਈਨ ਨਾਮਾਂਕਨ ਕਰਨਾ, ਆਪਣੇ ਵੇਰਵਿਆਂ ਨੂੰ ਜਾਂਚਣਾ ਜਾਂ ਅੱਪਡੇਟ ਕਰਨਾ ਆਸਾਨ ਹੈ। **vote.nz** 'ਤੇ ਜਾਓ

**ਤੁਸੀਂ 3 ਅਕਤੂਬਰ ਤੋਂ ਕਿਸੇ ਵੀ ਵੋਟਿੰਗ ਸਥਾਨ 'ਤੇ ਨਾਮਾਂਕਨ ਕਰ ਸਕਦੇ ਹੋ ਜਾਂ ਇਸ ਵਿੱਚੋਂ ਕਿਸੇ ਵੀ ਤਰੀਕੇ ਨਾਲ ਨਾਮਾਂਕਨ ਫਾਰਮ ਲਈ ਕਹਿ ਸਕਦੇ ਹੋ:**

- **0800 36 76 56 'ਤੇ ਕਾਲ ਕਰੋ**
- **3676 'ਤੇ ਆਪਣਾ ਨਾਮ ਅਤੇ ਪਤਾ ਮੁਫ਼ਤ ਵਿੱਚ ਟੈਕਸਟ ਕਰੋ।**

### ਜਲਦੀ ਵੋਟ ਕਰੋ

2020 ਦੀਆਂ ਆਮ ਚੋਣਾਂ ਅਤੇ ਰੈਫਰੈਂਡਮ ਹੁਣ ਸ਼ਨੀਵਾਰ 17 ਅਕਤੂਬਰ ਨੂੰ ਹੋਣਗੇ। ਜਲਦੀ ਵੋਟ ਕਰੋ ਤਾਂਕਿ ਕਤਾਰ ਵਿੱਚ ਤੁਹਾਡਾ ਘੱਟ ਸਮਾਂ ਖ਼ਰਚ ਹੋਵੇ — ਤੁਹਾਨੂੰ ਵੋਟ ਕਰਨ ਲਈ ਚੋਣ ਦਿਨ ਤੱਕ ਉਡੀਕ ਕਰਨ ਦੀ ਲੋੜ ਨਹੀਂ ਹੋਵੇਗੀ।

**ਵੋਟਿੰਗ ਖੁੱਲੀ ਹੈ:** ਸ਼ਨੀਵਾਰ ਸਵੇਰੇ 9.00 ਵਜੇ 3 ਅਕਤੂਬਰ ਤੋਂ

**ਵੋਟਿੰਗ ਬੰਦ ਹੋਵੇਗੀ:** 17 ਅਕਤੂਬਰ, ਸ਼ਨੀਵਾਰ ਨੂੰ ਸ਼ਾਮ 7 ਵਜੇ

### ਜੇਕਰ ਸੰਭਵ ਹੋਵੇ ਤਾਂ ਸਥਾਨਕ ਤੌਰ 'ਤੇ ਵੋਟ ਕਰੋ

ਇਹ ਘਰ ਦੇ ਨਜ਼ਦੀਕ ਵੋਟ ਕਰਨਾ ਵਧੇਰੇ ਤੇਜ਼ ਅਤੇ ਵਧੇਰੇ ਆਸਾਨ ਹੈ। ਤੁਸੀਂ ਔਟੇਆਰਿਓ ਵਿੱਚ ਕਿਸੇ ਵੀ ਵੋਟਿੰਗ ਸਥਾਨ 'ਤੇ ਵੋਟ ਪਾ ਸਕਦੇ ਹੋ, ਪਰ ਜੇਕਰ ਤੁਸੀਂ ਆਪਣੇ ਨਿਰਵਾਚਨ ਖੇਤਰ ਤੋਂ ਬਾਹਰ ਵੋਟ ਕਰਦੇ ਹੋ ਤਾਂ ਤੁਹਾਨੂੰ ਇੱਕ ਵਾਧੂ ਫਾਰਮ ਭਰਨਾ ਪੈ ਸਕਦਾ ਹੈ।

### ਵੋਟਿੰਗ ਸਥਾਨ ਕਦੋਂ ਖੁੱਲ੍ਹਣਗੇ ਅਤੇ ਇਹਨਾਂ ਨੂੰ ਕਿਵੇਂ ਲੱਭੀਏ

ਤੁਸੀਂ ਆਮ ਚੋਣ ਅਤੇ ਜਨਮੱਤਾਂ ਵਿੱਚ ਕਿਸੇ ਵੀ ਮਤਭੇਦ ਸਥਾਨ 'ਤੇ ਸ਼ਨੀਵਾਰ 3 ਅਕਤੂਬਰ ਤੋਂ ਚੋਣ ਦਿਨ, ਸ਼ਨੀਵਾਰ 17 ਅਕਤੂਬਰ ਨੂੰ ਨਾਮਾਂਕਨ ਕਰ ਸਕਦੇ ਹੋ ਅਤੇ ਵੋਟ ਪਾ ਸਕਦੇ ਹੋ।

ਚੋਣ ਦਿਨ, ਸ਼ਨੀਵਾਰ 17 ਅਕਤੂਬਰ ਨੂੰ, ਸਾਰੇ ਵੋਟ ਪਾਉਣ ਵਾਲੇ ਸਥਾਨ ਸਵੇਰੇ 9.00 ਵਜੇ ਤੋਂ ਸ਼ਾਮ 7.00 ਵਜੇ ਤੱਕ ਖੁੱਲ੍ਹਣਗੇ।

ਵੋਟਿੰਗ ਸਥਾਨਾਂ ਲਈ ਸਥਾਨਾਂ ਅਤੇ ਖੁੱਲ੍ਹਣ ਦੇ ਘੰਟਿਆਂ ਬਾਰੇ ਜਾਣਕਾਰੀ **vote.nz** ਜਾਂ **0800 36 76 56** 'ਤੇ ਕਾਲ ਦੁਆਰਾ ਉਪਲਬਧ ਹੋਵੇਗੀ।

### ਤੁਸੀਂ ਦੋ ਲੋਕਮੱਤਾਂ ਵਿੱਚ ਵੀ ਵੋਟ ਕਰ ਸਕਦੇ ਹੋ

ਇਸ ਸਾਲ ਦੇ ਆਮ ਚੋਣ 'ਤੇ, ਤੁਸੀਂ ਦੋ ਲੋਕਮੱਤਾਂ ਵਿੱਚ ਵੀ ਵੋਟ ਕਰ ਸਕਦੇ ਹੋ। ਇੱਕ ਲੋਕਮੱਤ ਇੱਕ ਪ੍ਰਸ਼ਨ 'ਤੇ ਇੱਕ ਵੋਟ ਹੈ।

ਤੁਸੀਂ ਤਾਂ ਵੀ ਵੋਟ ਕਰ ਸਕਦੇ ਹੋ ਚਾਹੇ End of Life Choice Act 2019, ਲੰਬੀ ਬਿਮਾਰੀ ਤੋਂ ਪੀੜਿਤ ਲੋਕਾਂ ਨੂੰ ਸਹਾਇਕ ਮੌਤ ਦੀ ਬੇਨਤੀ ਦਾ ਵਿਕਲਪ ਦੇਣਾ ਹੋਵੇ ਲਾਗੂ ਹੁੰਦਾ ਹੋਵੇ। ਤੁਸੀਂ ਇਸ 'ਤੇ ਵੀ ਵੋਟ ਕਰ ਸਕਦੇ ਹੋ ਕਿ ਕੈਨਬਿਸ ਦੀ ਮਨੋਰੰਜਕ ਵਰਤੋਂ ਕਨੂੰਨੀ ਹੋ ਜਾਣੀ ਚਾਹੀਦੀ ਹੈ ਜਾਂ ਨਹੀਂ।

**referendums.govt.nz** 'ਤੇ ਲੋਕਮੱਤਾਂ ਬਾਰੇ ਹੋਰ ਜਾਣੋ

### ਨਾਮਾਂਕਨ ਅਤੇ ਵੋਟਿੰਗ ਬਾਰੇ ਹੋਰ ਜਾਣਕਾਰੀ ਕਿੱਥੋਂ ਪ੍ਰਾਪਤ ਕਰੋ

- **vote.nz** 'ਤੇ ਜਾਓ
- **0800 36 76 56** 'ਤੇ ਕਾਲ ਕਰੋ
- **facebook.com/voteNZ** 'ਤੇ ਜਾਓ

ਜੇ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ ਜਿਸਦੇ ਲਈ ਇਹ ਜਾਣਕਾਰੀ ਲਾਹੇਵੰਦ ਹੋਵੇਗੀ, ਤਾਂ ਕਿਰਪਾ ਕਰਕੇ ਉਸ ਨੂੰ ਇਸ ਬਾਰੇ ਦੱਸੋ।

ਨਾਮਾਂਕਨ ਅਤੇ ਵੋਟਿੰਗ ਬਾਰੇ ਹੋਰ ਭਾਸ਼ਾਵਾਂ ਵਿੱਚ ਜਾਣਕਾਰੀ **vote.nz** 'ਤੇ ਉਪਲਬਧ ਹੈ।

# ਵੋਟ ਕਿਵੇਂ ਪਾਈਏ

## 1 ਪੈਨ ਅਤੇ ਆਪਣਾ EasyVote ਕਾਰਡ ਲਓ

ਤੁਸੀਂ ਵੋਟਿੰਗ ਪੇਪਰਾਂ ਨੂੰ ਚਿੰਨ੍ਹਿਤ ਕਰਨ ਲਈ ਆਪਣਾ ਪੈਨ ਵੀ ਲੈ ਕੇ ਆ ਸਕਦੇ ਹੋ। ਜੇਕਰ ਤੁਸੀਂ ਭੁੱਲ ਗਏ ਹੋ, ਤਾਂ ਚਿੰਤਾ ਨਾ ਕਰੋ, ਇੱਥੇ ਪੈਨ ਉਪਲਬਧ ਹਨ।

ਆਪਣਾ EasyVote ਕਾਰਡ ਨਾਲ ਲੈ ਕੇ ਆਓ ਕਿਉਂਕਿ ਇਹ ਵੋਟਿੰਗ ਨੂੰ ਵਧੇਰੇ ਤੇਜ਼ ਬਣਾ ਦੇਵੇਗਾ। ਜੇਕਰ ਤੁਸੀਂ ਆਪਣਾ ਕਾਰਡ ਲੈ ਕੇ ਆਉਣਾ ਭੁੱਲ ਗਏ ਹੋ ਜਾਂ ਕਾਰਡ ਨਹੀਂ ਹੈ ਤਾਂ ਤੁਸੀਂ ਅਜੇ ਵੀ ਵੋਟ ਪਾ ਸਕਦੇ ਹੋ।






## 2 ਪ੍ਰਦਾਨ ਕੀਤੇ ਗਏ ਹੈਂਡ ਸੈਨੀਟਾਈਜ਼ਰ ਦੀ ਵਰਤੋਂ ਕਰੋ

ਤੁਹਾਨੂੰ ਆਪਣੇ ਵੋਟਿੰਗ ਪੇਪਰ ਪ੍ਰਾਪਤ ਹੋਣ ਤੋਂ ਪਹਿਲਾਂ, ਪ੍ਰਦਾਨ ਕੀਤੇ ਹੈਂਡ ਸੈਨੀਟਾਈਜ਼ਰ ਦੀ ਵਰਤੋਂ ਕਰੋ।



## 3 ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰੋ

ਵੋਟਿੰਗ ਪਲੇਸ 'ਤੇ ਚੋਣ ਕਾਰਜਕਰਮੀ ਤੁਹਾਨੂੰ ਇਹ ਦੱਸਣਗੇ ਕਿ ਕੀ ਕਰਨਾ ਹੈ ਅਤੇ ਕਿੱਥੇ ਜਾਣਾ ਹੈ। ਉਹ ਵੋਟਰਾਂ ਨੂੰ ਵਧੇਰੇ ਸਪੇਸ ਦੇਣ ਲਈ ਕਤਾਰਾਂ ਨੂੰ ਵੀ ਪ੍ਰਬੰਧਿਤ ਕਰਨਗੇ।




## 4 ਆਮ ਚੋਣ ਵਿੱਚ ਵੋਟ ਪਾਓ

ਆਮ ਚੋਣ ਵਿੱਚ, ਤੁਹਾਨੂੰ ਦੋ ਵੋਟਾਂ ਪ੍ਰਾਪਤ ਹੁੰਦੀਆਂ ਹਨ — ਇੱਕ ਪਾਰਟੀ ਵੋਟ ਅਤੇ ਇੱਕ ਨਿਰਵਾਚਨ ਵੋਟ।

### ਤੁਹਾਡੀ ਪਾਰਟੀ ਵੋਟ

ਪਾਰਟੀ ਵੋਟ ਮੁੱਖ ਤੌਰ 'ਤੇ ਇਹ ਫੈਸਲਾ ਕਰਦੀ ਹੈ ਕਿ ਪਾਰਲੀਆਮੈਂਟ ਵਿੱਚ ਹਰੇਕ ਰਾਜਨੀਤਿਕ ਪਾਰਟੀ ਨੂੰ ਕੁੱਲ ਕਿੰਨੀਆਂ ਸੀਟਾਂ ਮਿਲਦੀਆਂ ਹਨ। ਪਾਰਟੀ ਵੋਟ ਦੇ ਸਭ ਤੋਂ ਵੱਡੇ ਸ਼ੇਅਰ ਵਾਲੀਆਂ ਪਾਰਟੀਆਂ ਨੂੰ ਪਾਰਲੀਆਮੈਂਟ ਵਿੱਚ ਵੱਧ ਸੀਟਾਂ ਪ੍ਰਾਪਤ ਹੋਣਗੀਆਂ।

ਤੁਹਾਨੂੰ ਰਾਜਨੀਤਿਕ ਪਾਰਟੀਆਂ ਦੀ ਇੱਕੋ ਸੂਚੀ ਵਿੱਚੋਂ ਇਹ ਚੋਣ ਕਰਨ ਦਾ ਮੌਕਾ ਮਿਲਦਾ ਹੈ ਚਾਹੇ ਤੁਸੀਂ ਆਮ ਸੂਚੀ ਵਿੱਚ ਹੋ ਜਾਂ Māori ਸੂਚੀ ਵਿੱਚ।

ਤੁਹਾਡੇ ਵੋਟਿੰਗ ਪੇਪਰ 'ਤੇ, ਆਪਣੀ ਪਸੰਦ ਦੀ ਰਾਜਨੀਤਿਕ ਪਾਰਟੀ ਦੇ ਨਾਮ 'ਤੇ ਟਿੱਕ ਦਾ ਨਿਸ਼ਾਨ ਲਾਓ।




### ਤੁਹਾਡੀ ਨਿਰਵਾਚਨ ਵੋਟ

ਤੁਹਾਡਾ ਨਿਰਵਾਚਨ ਵੋਟ ਉਸ ਉਮੀਦਵਾਰ ਨੂੰ ਚੁਣਨ ਲਈ ਹੈ ਜਿਸ ਨੂੰ ਤੁਸੀਂ ਉਸ ਖੇਤਰ ਦਾ ਸਾਂਸਦ (MP) ਬਣਾਉਣਾ ਚਾਹੁੰਦੇ ਹੋ ਜਿੱਥੇ ਤੁਸੀਂ ਰਹਿੰਦੇ ਹੋ। ਤੁਹਾਡੇ ਨਿਰਵਾਚਨ ਵਿੱਚੋਂ ਸਭ ਤੋਂ ਵੱਧ ਵੋਟਾਂ ਪ੍ਰਾਪਤ ਕਰਨ ਵਾਲਾ ਤੁਹਾਡਾ ਨਿਰਵਾਚਨ MP ਬਣ ਜਾਂਦਾ ਹੈ।

ਜੇਕਰ ਤੁਸੀਂ Māori ਰੋਲ 'ਤੇ ਹੋ, ਤਾਂ ਤੁਸੀਂ Māori ਨਿਰਵਾਚਨ ਵਿੱਚ ਖੜ੍ਹੇ ਹੋਏ ਉਮੀਦਵਾਰ ਲਈ ਵੋਟ ਪਾਓਗੇ। ਜੇਕਰ ਤੁਸੀਂ ਆਮ ਰੋਲ 'ਤੇ ਹੋ, ਤਾਂ ਤੁਸੀਂ ਆਮ ਨਿਰਵਾਚਨ ਵਿੱਚ ਖੜ੍ਹੇ ਹੋਏ ਉਮੀਦਵਾਰ ਲਈ ਵੋਟ ਪਾਓਗੇ।

ਆਪਣੇ ਵੋਟਿੰਗ ਪੇਪਰ 'ਤੇ, ਉਸ ਉਮੀਦਵਾਰ ਦੇ ਨਾਮ 'ਤੇ ਟਿੱਕ ਲਾਓ ਜਿਸ ਨੂੰ ਤੁਸੀਂ ਆਪਣੇ ਸਥਾਨਕ ਖੇਤਰ 'ਤੇ ਅਗਵਾਈ ਕਰਦੇ ਵੇਖਣਾ ਚਾਹੁੰਦੇ ਹੋ।






ਪਾਰਟੀ ਵੋਟਾਂ ਦਾ ਇਹ ਅਨੁਪਾਤ = ਪਾਰਲੀਆਮੈਂਟ ਵਿੱਚ ਸੀਟਾਂ ਦਾ ਇਕਸਾਰ ਅਨੁਪਾਤ

## 5 ਲੋਕਮੱਤਾਂ ਵਿੱਚ ਵੋਟ ਪਾਓ

ਲੋਕਮੱਤਾਂ ਲਈ ਤੁਹਾਡੇ ਵੋਟਿੰਗ ਪੇਪਰ 'ਤੇ, ਲੋਕਮੱਤ ਪ੍ਰਸ਼ਨਾਂ ਦਾ ਉੱਤਰ ਦੇਣ ਦੁਆਰਾ ਵੋਟ ਪਾਓ। 'Yes' (ਹਾਂ) ਜਾਂ 'No' (ਨਹੀਂ) ਦੇ ਅੱਗੇ ਟਿੱਕ ਕਰੋ।

ਲੋਕਮੱਤਾਂ ਵਿੱਚ ਵੋਟ ਪਾਉਣਾ ਵਿਕਲਪਿਕ ਹੈ। ਜੇਕਰ ਤੁਸੀਂ ਲੋਕਮੱਤ ਵੋਟ ਪਾਉਣਾ ਚਾਹੁੰਦੇ ਹੋ ਤਾਂ ਤੁਸੀਂ ਸਿਰਫ਼ ਇੱਕ ਲੋਕਮੱਤ ਵਿੱਚ ਵੋਟ ਦੀ ਚੋਣ ਵੀ ਕਰ ਸਕਦੇ ਹੋ।




## 6 ਪ੍ਰਦਾਨ ਕੀਤੀਆਂ ਵੋਟ ਪੇਟੀਆਂ ਵਿੱਚ ਆਪਣੇ ਵੋਟਿੰਗ ਪੇਪਰ ਪਾਓ

## 7 ਵਾਪਿਸ ਜਾਣ ਤੋਂ ਪਹਿਲਾਂ ਹੈਂਡ-ਸੈਨੀਟਾਈਜ਼ਰ ਦੀ ਵਰਤੋਂ ਕਰੋ

ਬਾਹਰ ਜਾਣ ਤੋਂ ਪਹਿਲਾਂ, ਹੈਂਡ ਸੈਨੀਟਾਈਜ਼ਰ ਦੀ ਵਰਤੋਂ ਕਰੋ। ਬੱਸ ਇਹ ਹੀ — ਵੋਟ ਪੈ ਗਿਆ!



## ਕੀ ਵੋਟ ਪਾਉਣ ਵਾਲੇ ਸਥਾਨ ਤੱਕ ਨਹੀਂ ਜਾ ਸਕਦੇ ਹੋ?

ਜੇਕਰ ਵੋਟਿੰਗ ਸਥਾਨ ਤੱਕ ਪਹੁੰਚਣਾ ਮੁਸ਼ਕਲ ਹੈ ਜਾਂ ਸੰਭਵ ਨਹੀਂ ਹੈ, ਤਾਂ ਤੁਸੀਂ ਫਿਰ ਵੀ ਵੋਟ ਪਾ ਸਕੋਂ ਇਸ ਲਈ ਕੁਝ ਵਿਕਲਪ ਉਪਲਬਧ ਹਨ।

ਜੇਕਰ ਤੁਸੀਂ ਘਰ ਵਿਖੇ ਆਰਾਮ ਕਰ ਰਹੇ ਹੋ ਅਤੇ ਤੁਸੀਂ ਵੋਟਿੰਗ ਸਥਾਨ 'ਤੇ ਜਾਣ ਦੇ ਯੋਗ ਨਹੀਂ ਹੋਵੋਂਗੇ, ਤਾਂ ਵੋਟਿੰਗ ਸੇਵਾਵਾਂ ਨੂੰ ਵਿਵਸਥਿਤ ਕਰਨ ਲਈ ਤੁਹਾਡਾ ਲੋਕਲ ਰਿਟਰਨਿੰਗ ਅਫ਼ਸਰ ਤੁਹਾਡੇ ਰੈਸਟ ਹੋਮ ਦੇ ਪ੍ਰਬੰਧਕ ਨਾਲ ਸੰਪਰਕ ਕਰੇਗਾ।

ਜੇਕਰ ਤੁਸੀਂ ਹਸਪਤਾਲ ਵਿੱਚ ਹੋਣ ਦੇ ਕਾਰਨ ਵੋਟਿੰਗ ਸਥਾਨ ਤੱਕ ਨਹੀਂ ਪਹੁੰਚ ਸਕਦੇ ਹੋ, ਤਾਂ 3 ਅਕਤੂਬਰ ਤੋਂ ਕੋਈ ਮਿੱਤਰ ਜਾਂ ਪਰਿਵਾਰਕ ਮੈਂਬਰ ਤੁਹਾਡੇ ਵੋਟਿੰਗ ਪੇਪਰ ਲੈ ਕੇ ਆ ਸਕਦਾ ਹੈ।

ਜੇਕਰ ਤੁਸੀਂ ਖ਼ਰਾਬ ਸਿਹਤ ਅਤੇ ਤੁਰਨ-ਫਿਰਨ ਵਿੱਚ ਸਮੱਸਿਆ ਦੇ ਕਾਰਨ ਵੋਟਿੰਗ ਸਥਾਨ 'ਤੇ ਨਹੀਂ ਪਹੁੰਚ ਸਕਦੇ ਹੋ ਤਾਂ ਤੁਸੀਂ ਵੋਟ ਪਾਉਣ ਲਈ ਮਦਦ ਪ੍ਰਾਪਤ ਕਰ ਸਕਦੇ ਹੋ। **vote.nz** 'ਤੇ ਲੱਭੋ ਜਾਂ ਆਪਣੇ ਵਿਕਲਪਾਂ 'ਤੇ ਗੱਲ ਕਰਨ ਲਈ **0800 36 76 56** 'ਤੇ ਕਾਲ ਕਰੋ।

## ਵਿਦੇਸ਼ ਤੋਂ ਵੋਟ ਪਾਉਣਾ

ਤੁਸੀਂ ਬੁੱਧਵਾਰ, 30 ਸਤੰਬਰ ਤੋਂ ਸ਼ਨੀਵਾਰ 17 ਅਕਤੂਬਰ ਨੂੰ ਸ਼ਾਮ 7 ਵਜੇ (NZ ਸਮਾਂ) ਤੱਕ ਵਿਦੇਸ਼ ਤੋਂ ਵੋਟ ਪਾ ਸਕਦੇ ਹੋ।

ਵਿਦੇਸ਼ਾਂ ਤੋਂ ਵੋਟ ਪਾਉਣ ਦਾ ਸਭ ਤੋਂ ਆਸਾਨ ਅਤੇ ਤੇਜ਼ ਤਰੀਕਾ ਹੈ ਆਮ ਚੋਣਾਂ ਅਤੇ ਲੋਕਮੱਤਾਂ ਲਈ ਆਪਣੇ ਵੋਟਿੰਗ ਪੇਪਰ ਨੂੰ **vote.nz** ਤੋਂ ਡਾਊਨਲੋਡ ਕਰਨਾ ਅਤੇ ਪ੍ਰਿੰਟ ਕਰਨਾ।

ਤੁਸੀਂ ਵਿਦੇਸ਼ਾਂ ਵਿਖੇ ਵੋਟਿੰਗ ਸਥਾਨ 'ਤੇ ਵੀ ਵੋਟ ਪਾਉਣ ਦੇ ਯੋਗ ਹੋ ਸਕਦੇ ਹੋ, ਜਾਂ ਵਿਦੇਸ਼ਾਂ ਵਿੱਚ ਤੁਹਾਨੂੰ ਭੇਜੇ ਜਾਣ ਵਾਲੇ ਪੋਸਟਲ ਵੋਟਿੰਗ ਪੇਪਰਾਂ ਲਈ ਪੁੱਛ ਸਕਦੇ ਹੋ। ਇਹ ਵਿਕਲਪ ਤੁਹਾਡੇ ਖੇਤਰ ਵਿੱਚ COVID-19 ਸਥਿਤੀ 'ਤੇ ਨਿਰਭਰ ਹੋ ਸਕਦੇ ਹਨ। ਵਿਦੇਸ਼ਾਂ ਤੋਂ ਵੋਟਿੰਗ ਬਾਰੇ ਨਵੀਨਤਮ ਜਾਣਕਾਰੀ ਲਈ **vote.nz** ਵੇਖੋ।

ਜੇਕਰ ਤੁਹਾਨੂੰ ਵਿਦੇਸ਼ਾਂ ਤੋਂ ਵੋਟ ਪਾਉਣ ਵਿੱਚ ਮਦਦ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸਾਨੂੰ ਸੰਪਰਕ ਕਰੋ।

**ਵਿਦੇਸ਼ਾਂ ਲਈ ਫ਼ੋਨ:** +64 9 909 4182 (ਅੰਤਰਰਾਸ਼ਟਰੀ ਕਾਲ ਦਰਾਂ ਲਾਗੂ ਹੋ ਸਕਦੀਆਂ ਹਨ)

**ਨਿਊਜ਼ੀਲੈਂਡ ਲਈ ਫ਼ੋਨ:** 0800 36 76 56

## ਤੁਹਾਡੇ ਵੋਟਿੰਗ ਪੇਪਰਾਂ ਨੂੰ ਪੜ੍ਹਨ ਜਾਂ ਚਿੰਨ੍ਹਿਤ ਕਰਨ ਲਈ ਮਦਦ ਦੀ ਲੋੜ ਹੈ?

ਕੋਈ ਮਿੱਤਰ, ਪਰਿਵਾਰਕ ਮੈਂਬਰ ਜਾਂ ਇਕੈਲਟੋਰਲ ਅਫ਼ਸਰ ਤੁਹਾਡੇ ਵੋਟਿੰਗ ਪੇਪਰਾਂ ਨੂੰ ਪੜ੍ਹਨ ਜਾਂ ਚਿੰਨ੍ਹਿਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਇਹ ਵਿਅਕਤੀ ਇਹ ਕਰ ਸਕਦਾ ਹੈ:

- ਤੁਹਾਡੇ ਨਾਲ ਵੋਟਿੰਗ ਸਕ੍ਰੀਨ ਦੇ ਪਿੱਛੇ ਜਾ ਸਕਦਾ ਹੈ
- ਵੋਟਿੰਗ ਪੇਪਰਾਂ 'ਤੇ ਸ਼ਬਦਾਂ ਅਤੇ ਜਾਣਕਾਰੀ ਨੂੰ ਪੜ੍ਹ ਸਕਦਾ ਹੈ
- ਤੁਹਾਡੇ ਲਈ ਵੋਟਿੰਗ ਪੇਪਰਾਂ ਨੂੰ ਚਿੰਨ੍ਹਿਤ ਕਰ ਸਕਦਾ ਹੈ ਜੇਕਰ ਤੁਸੀਂ ਉਹਨਾਂ ਨੂੰ ਅਜਿਹਾ ਕਰਨ ਲਈ ਕਹਿੰਦੇ ਹੋ।

ਉਹ ਤੁਹਾਨੂੰ ਇਹ ਨਹੀਂ ਦੱਸ ਸਕਦੇ ਕਿ ਤੁਹਾਨੂੰ ਆਮ ਚੋਣ ਵਿੱਚ ਕਿਸ ਨੂੰ ਵੋਟ ਦੇਣਾ ਚਾਹੀਦਾ ਹੈ, ਜਾਂ ਤੁਹਾਨੂੰ ਜਨਮੱਤਾਂ ਵਿੱਚ ਕਿਵੇਂ ਵੋਟ ਦੇਣਾ ਚਾਹੀਦਾ ਹੈ।

ਜੇਕਰ ਤੁਸੀਂ ਨੇਤਰਹੀਨ ਹੋ, ਅਧੂਰੇ ਤੌਰ 'ਤੇ ਨੇਤਰਹੀਨ ਹੋ ਜਾਂ ਵਿਕਲਾਂਗ ਹੋ ਤਾਂ ਇਸ ਤੋਂ ਭਾਵ ਹੈ ਕਿ ਤੁਸੀਂ ਬਿਨਾਂ ਮਦਦ ਤੋਂ ਵੋਟਿੰਗ ਪੇਪਰਾਂ 'ਤੇ ਨਿਸ਼ਾਨ ਨਹੀਂ ਲਾ ਸਕਦੇ ਹੋ, ਤੁਸੀਂ ਫ਼ੋਨ ਡਿਕਟੇਸ਼ਨ ਸੇਵਾ ਦੀ ਵਰਤੋਂ ਕਰਕੇ ਵੋਟ ਪਾ ਸਕਦੇ ਹੋ।

ਇਸ ਸੇਵਾ ਦੀ ਵਰਤੋਂ ਕਰਨ ਲਈ ਤੁਹਾਨੂੰ ਰਜਿਸਟਰ ਕਰਨ ਦੀ ਲੋੜ ਹੋਵੇਗੀ। **0800 028 028** 'ਤੇ ਕਾਲ ਕਰੋ ਅਤੇ ਰਜਿਸਟਰ ਕਰਨ ਲਈ ਵਿਕਲਪ 1 ਦੀ ਚੋਣ ਕਰੋ।

ਤੁਸੀਂ ਸੋਮਵਾਰ 14 ਸਤੰਬਰ ਤੋਂ ਸ਼ਾਮ 7 ਵਜੇ ਤੱਕ ਵੀਰਵਾਰ 15 ਅਕਤੂਬਰ ਤੱਕ ਰਜਿਸਟਰ ਕਰ ਸਕਦੇ ਹੋ।

ਇਸ ਸੇਵਾ ਬਾਰੇ ਹੋਰ ਜਾਣਕਾਰੀ ਲਈ **vote.nz** 'ਤੇ ਜਾਓ।